# ਈ- ਪੰਜਾਬ ਪੋਰਟਲ ਵਿੱਚ ਆਈ.ਸੀ.ਟੀ. ਨਾਲ ਸਬੰਧਤ ਡਾਟਾ ਅੱਪਲੋਡ ਕਰਨ ਸਬੰਧੀ ਜਾਣਕਾਰੀ:-

1. ਆਈ.ਸੀ.ਟੀ. ਫੇਜ਼-1 ਅਤੇ 2 ਅਧੀਨ ਬਣੀਆਂ ਕੰਪਿਊਟਰ ਲੈਬਾਂ ਦੀ ਜਾਣਕਾਰੀ ਕੇਵਲ ਉਹਨਾਂ ਸਕੂਲਾਂ ਨੇ ਹੀ ਭਰਨੀ ਹੈ ਜਿਨ੍ਹਾਂ ਸਕੂਲਾਂ ਵਿਖੇ ਐਜੂਸੈਂਟ ਈ-ਲਾਇਬ੍ਰੇਰੀ ਨਾ ਹੋਣ ਕਾਰਨ ਫੇਜ਼-1 ਅਤੇ 2 ਅਧੀਨ ਬਣੀ ਲੈਬ ਨੂੰ ਹੀ ਵਰਤਿਆ ਜਾ ਰਿਹਾ ਹੈ।ਇਸ ਤੋਂ ਇਲਾਵਾ ਜੇਕਰ ਕਿਸੇ ਸਕੂਲ ਵਿੱਚ ਈ-ਲਾਇਬ੍ਰੇਰੀ ਹੈ ਪ੍ਰੰਤੂ ਸਕੂਲ ਨੇ ਗਲਤੀ ਨਾਲ ਸ਼ੁਰੂ ਵਿੱਚ ਲੈਬਾਂ ਦੀ ਗਿਣਤੀ ਭਰਨ ਸਮੇਂ ਆਈ.ਸੀ.ਟੀ. ਫੇਜ਼-1 ਅਤੇ 2 ਅਧੀਨ ਬਣੀ ਲੈਬ ਨੂੰ ਵੀ ਸ਼ਾਮਿਲ ਕਰ ਲਿਆ ਹੈ ਤਾਂ ਉਹ ਕੇਵਲ ਉਸ ਲੈਬ ਦਾ ਆਈ.ਸੀ.ਟੀ. ਫੇਜ਼ **Select** ਕਰ ਦੇਣ ਅਤੇ ਬਾਕੀ ਦੀ ਜਾਣਕਾਰੀ ਨਾ ਭਰਨ।

2. ਆਈ.ਸੀ.ਟੀ. ਫੇਜ਼-3, 4 ਅਤੇ 5 ਅਧੀਨ ਬਣੀਆਂ ਕੰਪਿਊਟਰ ਲੈਬਾਂ ਅਤੇ ਐਜੂਸੈਂਟ ਈ-ਲਾਇਬ੍ਰੇਰੀ ਦੀ ਜਾਣਕਾਰੀ ਭਰੀ ਜਾਣੀ ਹੈ।

3. ਆਈ.ਸੀ.ਟੀ. ਫੇਜ਼-3 ਅਧੀਨ ਬਣੀਆਂ ਕੰਪਿਊਟਰ ਲੈਬਾਂ ਵਿੱਚ ਲੱਗੇ ਕੰਪਿਊਟਰਾਂ ਵਿੱਚੋ ਜ਼ੋ ਕੰਪਿਊਟਰ ਬਾਕੀ ਕੰਪਿਊਟਰਾਂ ਨਾਲੋ **Higher Configuration** ਦਾ ਹੈ ਉਹ **Server Computer** ਹੈ ਅਤੇ ਬਾਕੀ **Desktop Computer** ਹਨ।

4. ਆਈ.ਸੀ.ਟੀ. ਫੇਜ਼-4, 5 ਅਧੀਨ ਬਣੀਆਂ ਕੰਪਿਊਟਰ ਲੈਬਾਂ ਅਤੇ ਈ-ਲਾਇਬ੍ਰੇਰੀ ਦੀ ਸਥਾਪਨਾ **Shared Computing Structure** ਨਾਲ ਕੀਤੀ ਗਈ ਹੈ, ਉਨ੍ਹਾਂ ਲੈਬਾਂ ਵਿੱਚ ਜਿਸ ਕੰਪਿਊਟਰ ਨਾਲ **CPU attach** ਹੈ ਉਹ **Server Computer** ਹੈ ਅਤੇ ਉਸ ਨਾਲ **attach** ਕੀਤੇ 4 ਜਾਂ 5 **Dummy Computers** ਨੂੰ **Desktop Computer** ਮੰਨਿਆ ਜਾਵੇ। ਇਹਨਾਂ ਲੈਬਾਂ ਵਿੱਚ **Desktop Computer** ਦੇ **CPU Serial number** ਅਤੇ **LED Monitor** ਦੇ **Serial Number** ਸਬੰਧੀ ਜਾਣਕਾਰੀ **Slide number.** 2, 3 ਅਤੇ 4 ਤੇ ਦਿੱਤੀ ਗਈ ਹੈ।




**<u>Shared Computing Structure</u>** <u>ਵਾਲੀ ਕੰਪਿਊਟਰ ਲੈਬ ਵਿੱਚ</u> **<u>Desktop Computer</u>** <u>ਦੇ</u> **<u>CPU</u>** <u>ਅਤੇ</u> **<u>Monitor</u>** <u>ਦੇ</u> **<u>Serial No.</u>** <u>ਸਬੰਧੀ:–</u> ਜਿਨ੍ਹਾਂ ਕੰਪਿਊਟਰ ਲੈਬਾਂ/ਈ–ਲਾਇਬ੍ਰੇਰੀ ਦੀ ਸਥਾਪਨਾ **Shared Computing Structure** ਨਾਲ ਕੀਤੀ ਗਈ ਹੈ ਉਨ੍ਹਾਂ ਵਿੱਚ ਇੱਕ **Server Computer** ਨਾਲ 4–5 **Dummy Computer attach** ਕੀਤੇ ਗਏ ਹਨ, ਜਿਨ੍ਹਾਂ ਨੂੰ **Desktop Computer** ਮੰਨਿਆ ਜਾਵੇ ਅਤੇ **CPU Serial No.** ਫੀਲਡ ਵਿੱਚ ਸਬੰਧਤ **LED Monitor** ਦੇ **Back Side** ਤੇ ਲੱਗੇ **N-Computing Device** ਦਾ **Serial No.** ਅਤੇ **LED Monitor** ਦਾ **Serial No. enter** ਕੀਤਾ ਜਾਵੇ।ਜੇਕਰ ਸਕੂਲ ਕੋਲ **installation report** ਮੌਜੂਦ ਨਹੀਂ ਹੈ ਤਾਂ ਇਨ੍ਹਾ ਦੇ **Serial No.** ਜਾਣਨ ਲਈ **N-computing Device** ਨੂੰ ਖੋਲਣਾ ਪਵੇਗਾ।ਇਸ ਤੋ ਬਾਅਦ ਵਾਲੀ **slide** ਵਿੱਚ ਤੁਹਾਡੀ ਮਦਦ ਲਈ **Photos** ਦਿੱਤੀਆਂ ਗਈਆਂ ਹਨ।


HCL
47cm TFT LED WIDE COLOR MONITOR
100-240V~50/60Hz 1.5A
PRODUCT NAME: HCMEEWBD11
Model No.: TFT185W80PSA+
CAUTION No operator service parts inside. Refer servicing to qualified personnel.
TBAMR56EW2KLAN
Serial No.: 486113315076
This device complies with Part 15 of the FCC rules. Operation is subject to the following two conditions: (1) this device may not cause harmful interference, and (2) this device must accept any interference received, including interference that may cause undesired operation.
RoHS
Made in China
Q40G18N-743-3B XY
Manufactured for HCL Infosystems Ltd India
Serial No. of LED Monitor


NComputing
XD2 Access Device
Model Number: XD2
Part Number: 300-0032
Only for use with NComputing
X-series plug-in cards
This Class [B] digital apparatus complies with Canadian ICES-003
Cet appareil numérique de la classe [B] est conforme à la norme
NMB-003 du Canada.
RoHS
Compliant
CE
MIC
NCC-XD2(B)
FC
Tested To Comply
With FCC Standards
FOR HOME OR OFFICE USE
Product Serial Number:
XD2C31704593
Mfg. Date: 2011.07
Made in China
Serial no. of N-computing device




**Epunjab webportal ਤੇ Login ਕਰਨ ਉਪਰੰਤ Dashboard ਤੇ ICT ਵਾਲੇ Button ਤੇ Click ਕਰਨ ਤੇ ਇੱਕ Drop Down List ਖੁੱਲੇਗੀ, ਜਿਸ ਵਿੱਚੋ ਸਭ ਤੋਂ ਪਹਿਲਾਂ “Add Labs Details” select ਕਰਨਾ ਹੈ।**




ਇਸ ਫੀਲਡ ਵਿੱਚ ਸਕੂਲ ਵਿੱਚ ਮੌਜੂਦ ਕੰਪਿਊਟਰ ਲੈਬਾਂ ਦੀ ਗਿਣਤੀ ਭਰੀ ਜਾਣੀ ਹੈ।ਜੇਕਰ ਸਕੂਲ ਵਿੱਚ ਐਜੂਸੈਂਟ ਈ-ਲਾਇਬ੍ਰੇਰੀ ਵੀ ਮੌਜੂਦ ਹੈ ਤਾਂ ਉਸ ਨੂੰ ਕੰਪਿਊਟਰ ਲੈਬਾਂ ਦੀ ਗਿਣਤੀ ਵਿੱਚ ਸ਼ਾਮਿਲ ਕੀਤਾ ਜਾਣਾ ਹੈ।ਜਿਵੇਂ ਕਿ ਉਦਾਹਰਨ ਦੇ ਤੌਰ ਤੇ ਮੰਨ ਲਵੋ ਕਿ ਸਕੂਲ ਵਿੱਚ ਇੱਕ ਕੰਪਿਊਟਰ ਲੈਬ ਆਈ.ਸੀ.ਟੀ. ਫੇਜ਼-4 ਅਧੀਨ ਬਣਾਈ ਗਈ ਹੈ ਅਤੇ ਸਕੂਲ ਵਿੱਚ ਐਜੂਸੈਂਟ ਈ-ਲਾਇਬ੍ਰੇਰੀ ਵੀ ਮੌਜੂਦ ਹੈ ਤਾਂ ਇਸ ਫੀਲਡ ਵਿੱਚ ਕੰਪਿਊਟਰ ਲੈਬਾਂ ਦੀ ਗਿਣਤੀ 2 ਭਰੀ ਜਾਣੀ ਹੈ।ਇਸ ਉਪਰੰਤ **Submit** ਤੇ **Click** ਕਰਕੇ **Record** ਨੂੰ **Save** ਕਰ ਦਿੱਤਾ ਜਾਵੇ।

ਨੋਟ: ਇਸ ਫੀਲਡ ਵਿੱਚ ਇੱਕ ਵਾਰ ਭਰੀ ਗਈ ਗਿਣਤੀ ਨੂੰ ਦੁਬਾਰਾ ਬਦਲਿਆ ਨਹੀਂ ਜਾ ਸਕਦਾ, ਇਸ ਲਈ ਇਸ ਫੀਲਡ ਨੂੰ ਧਿਆਨ ਨਾਲ ਭਰਿਆ ਜਾਵੇ।




ਇਸ ਫੀਲਡ ਵਿੱਚ ਤੁਸੀ ਪਹਿਲਾਂ ਜਿੰਨੀਆਂ ਕੰਪਿਊਟਰ ਲੈਬਾਂ **enter** ਕੀਤੀਆਂ ਹਨ, ਉਹ ਕਿਸ **ICT Phase/E-lib** ਅਧੀਨ ਬਣੀਆਂ ਹਨ, ਉਸ ਨੂੰ **Drop Down List** ਵਿੱਚੋ **select** ਕਰਨਾ ਹੈ। ਉਦਾਹਰਨ ਦੇ ਤੋਰ ਤੇ ਮੰਨ ਲਵੋ ਕਿ ਸਕੂਲ ਵਿੱਚ ਇੱਕ ਕੰਪਿਊਟਰ ਲੈਬ ਆਈ.ਸੀ.ਟੀ. ਫੇਜ-4 ਅਧੀਨ ਬਣਾਈ ਗਈ ਹੈ ਅਤੇ ਸਕੂਲ ਵਿੱਚ ਐਜੂਸੈਟ ਈ-ਲਾਇਬ੍ਰੇਰੀ ਵੀ ਮੌਜੂਦ ਹੈ ਤਾਂ ਉਕਤ **Lab-1** ਵਿੱਚ ਤੁਸੀਂ **Drop Down List** ਵਿੱਚੋਂ **Phase-4 select** ਕਰੋਗੇ ਅਤੇ ਲੈਬ-2 ਵਿੱਚ ਤੁਸੀਂ **E-Lib select** ਕਰੋਗੇ। ਇਸ ਉਪਰੰਤ **Submit** ਤੇ **Click** ਕਰਕੇ **Record** ਨੂੰ **Save** ਕਰ ਦਿੱਤਾ ਜਾਵੇ।




ਆਈ.ਸੀ.ਟੀ. **Button** ਤੇ **Click** ਕਰਕੇ **“Add Server Detail” Select** ਕੀਤਾ ਜਾਵੇ। ਇਸ ਉਪਰੰਤ ਉਕਤ **Window** ਖੁੱਲ ਜਾਵੇਗੀ।ਇੱਥੇ ਤੁਸੀ ਸਭ ਤੋ ਪਹਿਲਾਂ ਜਿਸ ਲੈਬ ਦੇ **Servers** ਦੀ **Detail** ਭਰਨੀ ਹੈ, **Lab No** ਦੇ **Drop Down List** ਵਿੱਚੋ ਸਬੰਧਤ ਲੈਬ **Select** ਕਰੋਗੇ।ਉਦਾਹਰਨ ਦੇ ਤੌਰ ਤੇ ਤੁਸੀਂ **Lab-1** ਜ਼ੋ ਕਿ **Phase-4** ਅਧੀਨ ਬਣੀ ਹੈ ਦੇ **Server** ਦੀ **Detail** ਭਰਨੀ ਹੈ ਤਾਂ ਤੁਸੀ **Drop Down List** ਵਿੱਚੋ **Lab-1(Phase-4) Select** ਕਰੋਗੇ।ਇਸੇ ਤਰ੍ਹਾਂ **Server** ਦੀ ਕੰਪਨੀ ਦਾ ਨਾਮ **Drop Down List** ਵਿੱਚੋ **Select** ਕਰੋਗੇ ਅਤੇ **Server** ਦੇ **CPU** ਦਾ ਨੰਬਰ ਅਤੇ ਉਸ ਨਾਲ **Attached LED Monitor** ਦਾ ਨੰਬਰ ਸਬੰਧਤ ਫੀਲਡਾਂ ਵਿੱਚ **enter** ਕਰਕੇ **save button** ਤੇ **Click** ਕਰੋਗੇ।




ਇਸੇ ਤਰ੍ਹਾਂ ਸਕੂਲ ਵਿੱਚ ਮੌਜੂਦ ਸਾਰੀਆਂ ਕੰਪਿਊਟਰ ਲੈਬਾਂ ਅਤੇ ਈ-ਲਾਇਬ੍ਰੇਰੀ ਵਿੱਚ ਲੱਗੇ **Servers** ਦੀ **Detail** ਭਰੀ ਜਾਣੀ ਹੈ ਅਤੇ ਤੁਹਾਡੇ ਵੱਲੋ **add** ਕੀਤੇ ਜਾ ਰਹੇ **Servers** ਦੀ **Detail** ਤੁਹਾਨੂੰ **Window** ਦੇ ਹੇਠਲੇ ਭਾਗ ਵਿੱਚ ਦਿਖਾਈ ਦਿੰਦੀ ਰਹੇਗੀ।

ਨੋਟ: ਜਿਨ੍ਹਾਂ ਕੰਪਿਊਟਰ ਲੈਬਾਂ/ਈ-ਲਾਇਬ੍ਰੇਰੀ ਦੀ ਸਥਾਪਨਾ **Shared Computing Structured** ਨਾਲ ਕੀਤੀ ਗਈ ਹੈ ਉਨ੍ਹਾਂ ਵਿੱਚ ਜਿਸ ਕੰਪਿਊਟਰ ਨਾਲ **CPU attach** ਹੈ ਉਹ **Server Computer** ਹੈ ਅਤੇ ਉਸ ਨਾਲ **attach** ਕੀਤੇ 4 ਜਾਂ 5 **Dummy Computer** ਨੂੰ **Desktop Computer** ਮੰਨਿਆ ਜਾਵੇ।




ਆਈ.ਸੀ.ਟੀ. **Button** ਤੇ **Click** ਕਰਕੇ **“Add Desktop Computer Detail” Select** ਕੀਤਾ ਜਾਵੇ। ਇਸ ਉਪਰੰਤ ਉਕਤ **Window** ਖੁੱਲ ਜਾਵੇਗੀ। ਇੱਥੇ ਤੁਸੀ ਸਭ ਤੋ ਪਹਿਲਾਂ ਜਿਸ ਲੈਬ ਦੇ **Desktop Computer’s** ਦੀ **Detail** ਭਰਨੀ ਹੈ, **Lab No.** ਦੇ **Drop Down List** ਵਿੱਚੋ ਸਬੰਧਤ ਲੈਬ **Select** ਕਰੋਗੇ। ਉਦਾਹਰਨ ਦੇ ਤੌਰ ਤੇ ਤੁਸੀਂ **Lab-2** ਜ਼ੋ ਕਿ **E-Lib** ਹੈ ਦੇ **Desktop Computer** ਦੀ **Detail** ਭਰਨੀ ਹੈ ਤਾਂ ਤੁਸੀ **Drop Down List** ਵਿੱਚੋ **Lab-2(E-Lib) Select** ਕਰੋਗੇ। ਇਸੇ ਤਰ੍ਹਾਂ **Desktop Computer** ਦੀ ਕੰਪਨੀ ਦਾ ਨਾਮ **Drop Down List** ਵਿੱਚੋ **Select** ਕਰੋਗੇ ਅਤੇ **Desktop Computer** ਦੇ **CPU** ਦਾ ਨੰਬਰ ਅਤੇ ਉਸ ਨਾਲ **Attached LED Monitor** ਦਾ ਨੰਬਰ ਸਬੰਧਤ ਫੀਲਡਾਂ ਵਿੱਚ **enter** ਕਰਕੇ **save button** ਤੇ **Click** ਕਰੋਗੇ।

ਨੋਟ: ਜਿਨ੍ਹਾਂ ਕੰਪਿਊਟਰ ਲੈਬਾਂ/ਈ-ਲਾਇਬ੍ਰੇਰੀ ਦੀ ਸਥਾਪਨਾ **Shared Computing Structured** ਨਾਲ ਕੀਤੀ ਗਈ ਹੈ ਉਨ੍ਹਾਂ ਵਿੱਚ ਇੱਕ **Server** ਨਾਲ 4-5 **Dummy Computer attach** ਕੀਤੇ ਗਏ ਹਨ, ਜਿਨ੍ਹਾਂ ਨੂੰ **Desktop Computer** ਮੰਨਿਆ ਜਾਵੇ ਅਤੇ **CPU Serial No.** ਫੀਲਡ ਵਿੱਚ ਸਬੰਧਤ **LED Monitor** ਦੇ **Back Side** ਤੇ ਲੱਗੇ **N-Computing Device** ਦਾ **Serial No. enter** ਕੀਤਾ ਜਾਵੇ।




ਇਸੇ ਤਰ੍ਹਾਂ ਸਕੂਲ ਵਿੱਚ ਮੌਜੂਦ ਸਾਰੀਆਂ ਕੰਪਿਊਟਰ ਲੈਬਾਂ ਅਤੇ ਈ-ਲਾਇਬ੍ਰੇਰੀ ਵਿੱਚ ਲੱਗੇ **Desktop Computers** ਦੀ **Detail** ਭਰੀ ਜਾਣੀ ਹੈ ਅਤੇ ਤੁਹਾਡੇ ਵੱਲੋ **add** ਕੀਤੇ ਜਾ ਰਹੇ **Desktop Computers** ਦੀ **Detail** ਤੁਹਾਨੂੰ **Window** ਦੇ ਹੇਠਲੇ ਭਾਗ ਵਿੱਚ ਦਿਖਾਈ ਦਿੰਦੀ ਰਹੇਗੀ।




**ਆਈ.ਸੀ.ਟੀ. Button ਤੇ Click ਕਰਕੇ “Add UPS Detail” Select ਕੀਤਾ ਜਾਵੇ। ਇਸ ਉਪਰੰਤ ਉਕਤ Window ਖੁੱਲ ਜਾਵੇਗੀ।ਇੱਥੇ ਤੁਸੀ ਸਭ ਤੋ ਪਹਿਲਾਂ ਜਿਸ ਲੈਬ UPS ਦੀ Detail ਭਰੀ ਜਾਣੀ ਹੈ, Lab No. ਦੇ Drop Down List ਵਿੱਚੋ ਸਬੰਧਤ ਲੈਬ Select ਕਰੋਗੇ।ਉਦਾਹਰਨ ਦੇ ਤੌਰ ਤੇ ਤੁਸੀਂ Lab-2 ਜ਼ੋ ਕਿ E-Lib ਹੈ ਦੇ UPS ਦੀ Detail ਭਰਨੀ ਹੈ ਤਾਂ ਤੁਸੀ Drop Down List ਵਿੱਚੋ Lab-2(E-Lib) Select ਕਰੋਗੇ।ਇਸੇ ਤਰ੍ਹਾਂ UPS ਦੀ Company ਅਤੇ Capacity Drop Down List ਵਿੱਚੋ Select ਕਰੋਗੇ ਅਤੇ UPS ਦਾ Serial ਨੰਬਰ ਅਤੇ ਉਸ ਨਾਲ Attached Batteries ਦੀ ਗਿਣਤੀ ਸਬੰਧਤ ਫੀਲਡਾਂ ਵਿੱਚ enter ਕਰਕੇ save button ਤੇ Click ਕਰੋਗੇ।**




ਆਈ.ਸੀ.ਟੀ. **Button** ਤੇ **Click** ਕਰਕੇ **"Computer Aided Learning/Edusat Detail" Select** ਕੀਤਾ ਜਾਵੇ। ਇਸ ਉਪਰੰਤ ਉਕਤ **Window** ਖੁੱਲ ਜਾਵੇਗੀ।ਜਿਸ ਵਿੱਚ ਤੁਸੀਂ ਸਕੂਲ ਵਿੱਚ ਉਪਲੱਬਧ **CAL** ਸਕੀਮ ਅਧੀਨ ਦਿੱਤੇ ਗਏ **Multimedia devices** ਜਿਵੇਂ ਕਿ **LCD, LFD, K-YAN, TV/DVD** ਅਤੇ **Edusat** ਵੱਲੋ ਦਿੱਤੇ ਗਏ **ROT/SIT** ਵਿੱਚੋ ਕੋਈ ਵੀ ਇੱਕ **device Select** ਕਰੋਗੇ ਅਤੇ ਸਬੰਧਤ ਫੀਲਡਜ਼ ਵਿੱਚ ਮੰਗੀ ਗਈ ਜਾਣਕਾਰੀ **enter** ਕਰੋਗੇ। ਜੇਕਰ ਸਕੂਲ ਵਿੱਚ ਇੱਕ ਤੋ ਜਿਆਦਾ **Device** ਹਨ ਤਾਂ **same procedure** ਨਾਲ ਸਾਰੇ **devices** ਦੀ ਜਾਣਕਾਰੀ **enter** ਕਰ ਦਿੱਤੀ ਜਾਵੇ।




ਆਈ.ਸੀ.ਟੀ. **Button** ਤੇ **Click** ਕਰਕੇ **"Internet Detail" Select** ਕੀਤਾ ਜਾਵੇ। ਇਸ ਉਪਰੰਤ ਉਕਤ **Window** ਖੁੱਲ ਜਾਵੇਗੀ। ਜਿਸ ਵਿੱਚ ਤੁਸੀਂ ਸਕੂਲ ਵਿੱਚ ਉਪਲੱਬਧ **Internet Connection** ਦੀ **Type** ਜਿਵੇਂ ਕਿ **Broadband, Wi-Max, Dongle etc** ਵਿੱਚੋ **Select** ਕਰੋਗੇ ਅਤੇ ਇਸ ਉਪਰੰਤ ਸਬੰਧਤ **Internet Connection** ਦੇ **Service Provider** ਦਾ ਨਾਮ ਅਤੇ **Internet Connection** ਦੀ **Usability** ਦੀ ਜਾਣਕਾਰੀ **Drop Down List** ਵਿੱਚੋ **Select** ਕਰੋਗੇ ਅਤੇ **Rent** ਵਾਲੇ ਫੀਲਡ ਵਿੱਚ **Internet Connection** ਦੇ **Monthly Bill** ਦੀ **Amount Enter** ਕਰੋਗੇ।




ਆਈ.ਸੀ.ਟੀ. **Button** ਤੇ **Click** ਕਰਕੇ **"Approval Detail" Select** ਕੀਤਾ ਜਾਵੇ ਅਤੇ **Approve Button** ਤੇ **Click** ਕਰਕੇ ਭਰਿਆ ਗਿਆ ਸਾਰਾ ਡਾਟਾ **Approve** ਕਰ ਦਿੱਤਾ ਜਾਵੇ।

ਨੋਟ: ਇੱਥੇ ਧਿਆਨ ਰੱਖਿਆ ਜਾਵੇ ਕਿ ਡਾਟਾ **Approve** ਕਰਨ ਉਪਰੰਤ ਭਰੇ ਗਏ ਡਾਟੇ ਵਿੱਚ ਕੋਈ ਬਦਲਾਅ ਨਹੀਂ ਕੀਤਾ ਜਾ ਸਕੇਗਾ, ਇਸ ਲਈ ਡਾਟਾ **Approve** ਕਰਨ ਤੋ ਪਹਿਲਾਂ ਧਿਆਨ ਨਾਲ **Check** ਕਰ ਲਿਆ ਜਾਵੇ।




**ਆਈ.ਸੀ.ਟੀ. Button ਤੇ Click ਕਰਕੇ “Working Condition of Devices” Select ਕੀਤਾ ਜਾਵੇ ਅਤੇ ਸਕੂਲ ਵਿੱਚ ਮੌਜੂਦ ਸਾਰੇ ਹਾਰਡਵੇਅਰ ਦਾ ਵਾਰੀ-ਵਾਰੀ Working Status ਜਿਵੇ ਕਿ working/not working/theft update ਕਰ ਦਿੱਤਾ ਜਾਵੇ। ਇਸ ਤੋ ਬਾਅਦ ਜਦੋ ਵੀ ਕਿਸੇ ਹਾਰਡਵੇਅਰ ਦੇ Working status ਵਿੱਚ ਕੋਈ ਬਦਲਾਅ ਆਉਂਦਾ ਹੈ ਤਾਂ ਉਸ ਦਾ Working status update ਕਰ ਦਿੱਤਾ ਜਾਵੇ। ਉਦਾਹਰਨ ਦੇ ਤੌਰ ਤੇ ਅੱਜ ਕੋਈ ਕੰਪਿਊਟਰ ਖਰਾਬ ਪਿਆ ਹੈ ਅਤੇ ਤੁਸੀ ਉਸ ਦਾ Working status not working ਪਾਇਆ ਹੈ ਤਾਂ ਜਦੋ ਵੀ ਉਹ ਕੰਪਿਊਟਰ ਰਿਪੇਅਰ ਹੋ ਜਾਂਦਾ ਹੈ ਤਾਂ ਉਸ ਦੇ Status ਨੂੰ update ਕਰ ਦਿੱਤਾ ਜਾਵੇ।**